ਨੰ: ਸੀ.ਸਹਾਇਕ (ਅਮਲਾ)/ RTI ਅਪੀਲ/ ਸੰ:ਰ:ਜ:/ 1708 ਮਿਤੀ : 18/3/2021
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅਵਤਾਰ ਸਿੰਘ ਮਹੇ (ਪੱਤਰਕਾਰ),
   ਪੁੱਤਰ ਲੇਟ ਸ੍ਰੀ ਮੋਹਨ ਲਾਲ,
   ਵਾਸੀ ਡਾ.ਭੀਮ ਰਾਓ ਅੰਬੇਦਕਰ ਨਗਰ, ਰਾਹੋਂ ਤਹਿ: ਨਵਾਂਸ਼ਹਿਰ,
   ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ।
3. ਸਹਾਇਕ ਰਜਿਸਟਰਾਰ,
   (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ ਨਵਾਂਸ਼ਹਿਰ।

ਵਿਸ਼ਾ :- ਆਰ.ਟੀ.ਆਈ.ਐਕਟ-2005 ਦੀ ਧਾਰਾ 19(1) ਤਹਿਤ ਦਾਇਰ ਕੀਤੀ ਗਈ ਅਪੀਲ-ਵਲੋਂ ਸ੍ਰੀ ਅਵਤਾਰ ਸਿੰਘ ਮਹੇ (ਪੱਤਰਕਾਰ)।

ਹਾਜਰੀ ਮਿਤੀ : 12.02.2021 :

ਸ੍ਰੀ ਸ਼ੇਰ ਸਿੰਘ, ਸੀਨੀਅਰ ਸਹਾਇਕ ਦਫਤਰ ਸਹਾਇਕ ਰਜਿਸਟਰਾਰ, (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ ਨਵਾਂਸ਼ਹਿਰ।

ਹੁੱਕਮ :

ਪ੍ਰਾਰਥੀ ਵਲੋਂ ਇਹ ਅਪੀਲ ਮਿਤੀ : 30.12.2021 ਨੂੰ ਇਸ ਅਦਾਲਤ ਵਿੱਚ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 11.12.2020 ਰਾਹੀਂ ਸਕੱਤਰ, ਦੀ ਸਨਾਵਾ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮਟਿਡ, ਪਿੰਡ ਸ਼ਜਾਵਲਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪਾਸ ਰਾਈਟ ਟੂ ਇਨਫਰਮੇਸ਼ਨ ਐਕਟ ਦੀ ਧਾਰਾ 6(1) ਤਹਿਤ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ।ਸਕੱਤਰ, ਦੀ ਸਨਾਵਾ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮਟਿਡ, ਪਿੰਡ ਸ਼ਜਾਵਲਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਲਿਖਤੀ ਰਿਪੋਰਟ ਮਿਤੀ : 18.12.2020 ਰਾਹੀਂ ਪ੍ਰਾਰਥੀ ਨੂੰ ਸੂਚਿਤ ਕੀਤਾ ਕਿ "ਆਪ ਜੀ ਵਲੋਂ ਸਕੱਤਰ ਦੀ ਸਨਾਵਾ ਐਮ.ਪੀ.ਸੀ.ਏ.ਐਸ.ਐਸ.ਲਿਮ: ਤੋਂ ਜੋ ਸੂਚਨਾ ਮਿਤੀ : 11.12.2020 ਦੇ ਪੱਤਰ ਅਨੁਸਾਰ ਜੋ ਲੜੀ ਨੰ : 1 ਤੋਂ 9 ਤੱਕ ਮੰਗੀ ਹੈ। ਸਭਾ ਦੇ ਸਕੱਤਰ ਕੋਲ ਆਰ.ਟੀ.ਆਈ.ਐਕਟ 2005 ਅਧੀਨ ਪਬਲਿਕ ਇਨਫਰਮੇਸ਼ਨ ਵਜੋਂ ਕੋਈ ਵੀ

ਅਧਿਕਾਰ ਨਹੀਂ ਦਿੱਤਾ ਗਿਆ ਹੈ। ਇਸ ਲਈ ਆਪ ਜੀ ਸਬੰਧਤ ਪਬਲਿਕ ਇਨਫਰਮੇਸ਼ਨ ਅਫਸਰ ਕੋਲ ਇਸ ਸਬੰਧੀ ਆਰ.ਟੀ.ਆਈ.ਐਕਟ ਅਧੀਨ ਸੂਚਨਾ ਦੀ ਮੰਗ ਕਰ ਸਕਦੇ ਹੋ।" ਪ੍ਰਾਰਥੀ ਵਲੋਂ ਅਪੀਲ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਪਬਲਿਕ ਇਨਫਰਮੇਸ਼ਨ ਅਫਸਰ ਨੂੰ ਸੂਚਨਾ ਮੁਹੱਈਆ ਕਰਵਾਉਣ ਲਈ ਹਦਾਇਤ ਕੀਤੀ ਜਾਵੇ। ਪ੍ਰਾਰਥੀ ਵਲੋਂ ਆਪਣੀ ਅਪੀਲ ਵਿੱਚ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਉਸਨੂੰ ਸੁਣਵਾਈ ਲਈ ਨਾ ਬੁਲਾਇਆ ਜਾਵੇ ਸਿਰਫ ਪੀ.ਆਈ.ਓ.ਨੂੰ ਸੂਚਨਾ ਪ੍ਰਦਾਨ ਕਰਨ ਲਈ ਹਦਾਇਤਾਂ ਕੀਤੀਆਂ ਜਾਣ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 21.01.2021 ਨੂੰ ਅਪੀਲ ਦੀ ਸੁਣਵਾਈ ਦੌਰਾਨ ਸ੍ਰੀ ਗੁਰਪਾਲ ਸਿੰਘ, ਸਕੱਤਰ, ਦੀ ਸਨਾਵਾ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮ: ਸਨਾਵਾ ਹਾਜਰ ਆਇਆ। ਸਕੱਤਰ ਵਲੋਂ ਆਪਣਾ ਲਿਖਤੀ ਜਵਾਬ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 11.12.2020 ਰਾਹੀਂ ਸਭਾ ਪਾਸੋਂ ਆਰ.ਟੀ.ਆਈ.ਐਕਟ 2005 ਤਹਿਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ, ਜਿਸਦੇ ਸਬੰਧ ਵਿੱਚ ਪ੍ਰਾਰਥੀ ਨੂੰ ਸਭਾ ਵਲੋਂ ਰਜਿਸਟਰਡ ਪੱਤਰ ਮਿਤੀ : 21.12.2020 ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ ਕਿ ਇਹ ਸਭਾ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਫੈਸਲੇ ਅਨੁਸਾਰ ਆਰ.ਟੀ.ਆਈ.ਐਕਟ-2005 ਦੇ ਦਾਇਰ ਵਿੱਚ ਨਹੀਂ ਆਉਂਦੀ। ਇਸ ਸਬੰਧੀ ਪ੍ਰਾਰਥੀ ਨੂੰ ਸਭਾ ਦੇ ਰਜਿਸਟਰਡ ਪੱਤਰ ਮਿਤੀ : 22.01.2021 ਰਾਹੀਂ ਮਿਤੀ : 23.01.2021 ਨੂੰ ਦੁਬਾਰਾ ਸੂਚਿਤ ਕੀਤਾ ਗਿਆ। ਜਵਾਬ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਵੀ ਸਭਾ ਵਿੱਚ ਪ੍ਰਾਪਤ ਹੋਈ, ਜਿਸਦੇ ਸਬੰਧ ਵਿੱਚ ਸਭਾ ਵਲੋਂ ਮਤਾ ਮਿਤੀ : 12.012021 ਰਾਹੀਂ ਪਾਸ ਕੀਤਾ ਗਿਆ ਹੈ ਕਿ ਸਭਾ ਆਰ.ਟੀ. ਆਈ.ਐਕਟ-2005 ਦੇ ਦਾਇਰ ਵਿੱਚ ਨਹੀਂ ਆਉਂਦੀ। ਇਸ ਬਾਰੇ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਸੂਚਿਤ ਕੀਤਾ ਗਿਆ।

ਮਿਤੀ : 12.02.2021 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦੇ ਬੀਹਾਫ ਤੇ ਹਾਜਰ ਆਏ ਸ੍ਰੀ ਸ਼ੇਰ ਸਿੰਘ, ਸੀਨੀਅਰ ਸਹਾਇਕ ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਨਵਾਂਸ਼ਹਿਰ ਵਲੋਂ ਜਵਾਬ ਪੇਸ਼ ਕੀਤਾ ਗਿਆ ਜਿਸ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 11.12.2020 ਰਾਹੀਂ ਸਭਾ ਪਾਸੋਂ ਆਰ.ਟੀ.ਆਈ.ਐਕਟ 2005 ਤਹਿਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ, ਜਿਸਦੇ ਸਬੰਧ ਵਿੱਚ ਪ੍ਰਾਰਥੀ ਨੂੰ ਸਭਾ ਵਲੋਂ ਰਜਿਸਟਰਡ ਪੱਤਰ ਮਿਤੀ : 21.12.2020 ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ ਕਿ "ਸਭਾ ਦੇ ਸਕੱਤਰ ਕੋਲ ਆਰ.ਟੀ.ਆਈ.ਐਕਟ-2005 ਅਧੀਨ ਪਬਲਿਕ ਇਨਫਰਮੇਸ਼ਨ ਅਫਸਰ ਵਜੋਂ ਕੋਈ ਵੀ ਅਧਿਕਾਰੀ ਨਹੀਂ ਦਿੱਤਾ ਗਿਆ।" ਇਸ ਤੋਂ ਇਲਾਵਾ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 26.12.2020 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਪਾਸੋਂ ਵੀ ਸਭਾ ਨਾਲ ਸਬੰਧਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਇਸ ਸਬੰਧੀ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਮਤਾ ਮਿਤੀ : 12.01.2021 ਰਾਹੀਂ ਪਾਸ ਕੀਤਾ ਗਿਆ ਕਿ ਪ੍ਰਾਰਥੀ ਵਲੋਂ ਸਭਾ ਦੇ ਸੇਵਾਦਾਰ/ ਚੌਂਕੀਦਾਰ ਦੀ ਭਰਤੀ ਸਬੰਧੀ ਸੂਚਨਾ ਮੰਗੀ ਗਈ ਹੈ। ਸਭਾ ਵਲੋਂ ਇਹ ਸੂਚਨਾ ਸਹਿਕਾਰੀ

ਸਭਾਵਾਂ ਆਰ.ਟੀ.ਆਈ.ਐਕਟ ਅਧੀਨ ਨਾ ਆਉਂਦੀ ਹੋਣ ਕਾਰਨ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਨਹੀਂ ਦਿੱਤੀ ਜਾ ਸਕਦੀ। ਇਸ ਮਤੇ ਦੀ ਕਾਪੀ ਵੀ ਸਭਾ ਵਲੋਂ ਸਿੱਧੇ ਤੌਰ ਤੇ ਮਿਤੀ : 23.01.2021 ਨੂੰ ਰਜਿਸਟਰਡ ਪੱਤਰ ਰਾਹੀਂ ਭੇਜ ਦਿੱਤੀ ਗਈ ਅਤੇ ਉਪ-ਰਜਿਸਟਰਾਰ ਦਫਤਰ ਵਲੋਂ ਵੀ ਪੱਤਰ ਨੰ : 696, ਮਿਤੀ : 15.02.2021 ਰਾਹੀਂ ਪ੍ਰਾਰਥੀ ਨੂੰ ਭੇਜੀ ਗਈ ਜੋ ਉਸ ਵਲੋਂ ਦਸਤੀ ਪ੍ਰਾਪਤ ਕੀਤੀ ਗਈ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਇਸ ਅਪੀਲ ਨੂੰ ਫਾਈਲ ਕਰਨ ਲਈ ਬੇਨਤੀ ਕੀਤੀ ਗਈ ਹੈ।

ਦੀ ਸਨਾਵਾ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮਟਿਡ, ਪਿੰਡ ਸ਼ੁਜਾਵਲਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਪਾਸ ਕੀਤੇ ਮਤਾ ਮਿਤੀ : 12.01.2021 ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਦਿੱਤੇ ਗਏ ਜਵਾਬ ਅਨੁਸਾਰ ਸਭਾ ਆਰ.ਟੀ.ਆਈ.ਐਕਟ-2005 ਅਧੀਨ ਨਹੀਂ ਆਉਂਦੀ ਹੈ। ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਚੰਡੀਗੜ ਜੀ ਵਲੋਂ AC No. 757 of 2019 - ਪ੍ਰਦੀਪ ਸਿੰਘ ਬਨਾਮ ਉਪ-ਰਜਿਸਟਰਾਰ (ਪੀ.ਈ.ਓ.) ਸਹਿਕਾਰੀ ਸਭਾਵਾਂ ਜਲੰਧਰ ਦੇ ਸਬੰਧ ਵਿੱਚ ਮਿਤੀ : 01.05.2019 ਨੂੰ ਦਿੱਤੇ ਗਏ ਫੈਸਲੇ ਅਨੁਸਾਰ ਸਹਿਕਾਰੀ ਸਭਾਵਾਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 2(h) ਤਹਿਤ ਇੱਕ ਪਬਲਿਕ ਅਥਾਰਟੀ ਨਹੀਂ ਹਨ, ਜਿਸ ਕਾਰਨ ਸਹਿਕਾਰੀ ਸਭਾਵਾਂ ਤੇ ਆਰ.ਟੀ.ਆਈ. ਐਕਟ-2005 ਲਾਗੂ ਨਹੀਂ ਹੁੰਦਾ ਹੈ। ਇਸ ਤਰਾਂ ਦੀ ਸਨਾਵਾ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮਟਿਡ, ਆਰ.ਟੀ.ਆਈ. ਐਕਟ-2005 ਦੇ ਦਾਇਰੇ ਅਧੀਨ ਨਹੀਂ ਆਉਂਦੀ ਹੈ। ਇਸ ਲਈ ਅਪੀਲ ਡਿਸਪੋਜ਼ ਆਫ (dispose off) ਕੀਤੀ ਜਾਂਦੀ ਹੈ।

ਮਿਤੀ : 12.02.2021.

(ਪਲਵਿੰਦਰ ਸਿੰਘ ਬੱਲ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।
(ਐਪੀਲਾਂਟ ਅਥਾਰਟੀ)